# ਕਹਾਣੀ ਕੁਝ ਹਟ ਕੇ

ਰਸੂਲਾਂ ਦੇ ਕੰਮ ਕਿਤਾਬ ਵਿਚ ਸਾਹ ਲੈਣ ਲਈ ਇਕ ਵੱਖਰੀ ਅਤੇ ਰੋਮਾਂਚਕਾਰੀ ਮਹਿਕ ਵਾਲੀ ਤਾਜ਼ੀ ਹਵਾ ਚਲਦੀ ਹੈ। ਲੋਕ ਉਨ੍ਹਾਂ ਘਟਨਾਵਾਂ ਨੂੰ ਆਪਣੀ ਜ਼ਿੰਦਗੀ ਵਿਚ ਮਾਣ ਰਹੇ ਸਨ ਜਿਨ੍ਹਾਂ ਬਾਰੇ ਪਹਿਲਾਂ ਸਿਰਫ਼ ਸੁਣਿਆ ਹੀ ਗਿਆ ਸੀ। ਇਸ ਕਿਤਾਬ ਦੇ ਅੱਗੇ ਵਧਣ ਦੇ ਨਾਲ-ਨਾਲ ਪਾਠਕ ਖ਼ੁਦਾ ਦੇ ਨਾਲ ਮਨੁੱਖ ਜਾਤੀ ਦੇ ਇਤਿਹਾਸ ਦੇ ਰਾਹ 'ਤੇ ਆਏ ਮੋੜ ਤੋਂ ਹੈਰਾਨ ਹੋ ਜਾਂਦਾ ਹੈ।

ਅਚਾਨਕ, ਧਾਰਮਿਕ ਜੀਵਨ ਬਾਰੇ ਸਭ ਕੁਝ ਬਦਲ ਗਿਆ ਸੀ। ਯਿਸੂ ਨੂੰ ਮਸੀਹ ਮੰਨਣ ਵਾਲਿਆਂ ਦੀਆਂ ਜ਼ਿੰਦਗੀਆਂ ਵਿਚ ਬਹੁਤ ਸਾਰੇ ਬਦਲਾਅ ਆਏ। ਇਨ੍ਹਾਂ ਦੀ ਕੀ ਵਜ੍ਹਾ ਸੀ?

ਰਸੂਲ ਗ਼ੈਰ ਮਾਮੂਲੀ ਲੋਕ ਬਣ ਚੁੱਕੇ ਸਨ। ਉਨ੍ਹਾਂ ਦੇ ਵਿਹਾਰ, ਉਨ੍ਹਾਂ ਦੇ ਵਿਚਾਰ ਅਤੇ ਉਨ੍ਹਾਂ ਦੇ ਮਨ ਬਿਲਕੁਲ ਬਦਲ ਚੁੱਕੇ ਸਨ। ਪਹਿਲਾਂ ਉਹ, ਘਬਰਾਏ ਹੋਏ, ਥੱਕੇ ਹੋਏ, ਨਿੰਮੋ-ਝੂਣੇ, ਸਹਿਮੇ ਹੋਏ ਅਤੇ ਨਿਰਾਸ਼ ਸਨ। ਰਸੂਲਾਂ ਦੇ ਕੰਮ ਕਿਤਾਬ ਵਿਚ ਉਨ੍ਹਾਂ ਨੂੰ ਰੋਮਾਂਚ ਨਾਲ ਭਰੇ, ਲੜਨ ਲਈ ਤਿਆਰ, ਹਿੰਮਤੀ, ਨਿਡਰ, ਹਮਲੇ ਲਈ ਤਿਆਰ ਅਤੇ ਉਹਦੇ ਲਈ ਤਕਲੀਫ਼ ਝੱਲ ਕੇ ਵੀ ਵਫ਼ਾਦਾਰ ਰਹਿਣ ਵਾਲੇ ਰਸੂਲ ਵਿਖਾਇਆ ਗਿਆ ਹੈ ਜਿਹਨੂੰ ਉਨ੍ਹਾਂ ਨੇ ਅਸਮਾਨ ਦੇ ਬੱਦਲਾਂ ਵਿਚ ਉਠਾਏ ਜਾਂਦੇ ਵੇਖਿਆ ਸੀ। ਉਹ ਉਹਦੀ ਕਹਾਣੀ ਕਿਸੇ ਨੂੰ ਵੀ ਦੱਸਣ ਲਈ ਤਿਆਰ ਸਨ ਜੋ ਖ਼ੁਸ਼ਖ਼ਬਰੀ ਸੁਣਨ ਦਾ ਚਾਹਵਾਨ ਸੀ। ਉਹ ਐਨੇ ਹਿੰਮਤੀ ਅਤੇ ਮਜ਼ਬੂਤ ਹੋ ਰਹੇ ਸਨ ਕਿ ਯਹੂਦੀ ਆਗੂ, ਯਾਜਕ, ਗ੍ਰੰਥੀ ਅਤੇ ਇੱਥੋਂ ਤਕ ਕਿ ਮਹਾਂਸਭਾ ਦੇ ਲੋਕ ਵੀ ਉਨ੍ਹਾਂ ਤੋਂ ਭੈਭੀਤ ਹੋ ਗਏ ਸਨ। ਸਤਾਅ ਇੱਥੋਂ ਤਕ ਵਧ ਗਿਆ ਸੀ ਕਿ ਬਹੁਤ ਸਾਰੇ ਨਵੇਂ ਚੇਲਿਆਂ ਦੀ ਮੌਤ ਅਤੇ ਕੈਦ ਤਕ ਹੋ ਰਹੀ ਸੀ।

ਚੇਲੇ ਜੋ ਪਹਿਲਾਂ ਪੁਰਾਣੀ ਸ਼ਰ੍ਹਾ ਪ੍ਰਤੀ ਵਫ਼ਾਦਾਰ ਸਨ, ਹੁਣ ਇਕ ਨਵੇਂ ਅਹਿਦ ਨੂੰ ਮੰਨਣ ਵਾਲੇ ਹੋ ਗਏ ਸਨ। ਉਨ੍ਹਾਂ ਦੀ ਬੰਦਗੀ ਹੁਣ ਰੂਹ ਅਤੇ ਸੱਚਿਆਈ ਨਾਲ ਹੁੰਦੀ ਸੀ, ਉਨ੍ਹਾਂ ਦਾ ਰੂਹਾਨੀ ਕੰਮ ਦਿਲੋਂ ਸੀ, ਉਨ੍ਹਾਂ ਦੀਆਂ ਸਿੱਖਿਆਵਾਂ ਉਹੀ ਸਨ ਜੋ ਉਨ੍ਹਾਂ ਨੂੰ ਯਿਸੂ ਤੋਂ ਮਿਲੀਆਂ ਸਨ, ਉਨ੍ਹਾਂ ਦੀ ਵਫ਼ਾਦਾਰੀ ''ਮਰਨ ਤਕ ਵਫ਼ਾਦਾਰ'' ਰਹਿਣ ਵਾਲੀ ਸੀ, ਅਤੇ ਉਨ੍ਹਾਂ ਦੀ ਸੰਗਤੀ ਪਰਿਵਾਰਕ ਰਿਸ਼ਤੇ ਵਾਂਗ ਵਧਦੀ ਹੀ ਜਾ ਰਹੀ ਸੀ। ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਬੜੀਆਂ ਅਹਿਮ ਤਬਦੀਲੀਆਂ ਆਈਆਂ ਅਤੇ ਰਸੂਲਾਂ ਦੇ ਕੰਮ ਕਿਤਾਬ ਉਨ੍ਹਾਂ ਤਬਦੀਲੀਆਂ ਨੂੰ ਬਿਆਨ ਕਰਨ ਵਾਲੀ ਇਤਿਹਾਸ ਦੀ ਕਿਤਾਬ ਹੈ।

ਚੇਲਿਆਂ ਦੀਆਂ ਰੂਹਾਨੀ ਜ਼ਿੰਦਗੀਆ ਵਿਚ ਕਿਹੜੀ ਗੱਲ ਆ ਗਈ ਜਿਸ ਨਾਲ ਉਨ੍ਹਾਂ ਨੂੰ ਨਵੀਂ ਸ਼ਕਤੀ ਅਤੇ ਜੋਸ਼ ਮਿਲਿਆ ਸੀ? ਇਕ ਨਵੀਂ ਵਸੀਅਤ ਭਾਵ ਅਹਿਦ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਰਸੂਲਾਂ ਰਾਹੀਂ ਜ਼ਾਹਿਰ ਕੀਤੀ ਗਈ ਸੀ ਜੋ ਸਲੀਬ 'ਤੇ ਯਿਸੂ ਦੀ ਮੌਤ ਨਾਲ ਅਸਰਦਾਰ ਹੋਈ ਸੀ।

## ਉਨ੍ਹਾਂ ਦਾ ਪ੍ਰਚਾਰ ਨਵਾਂ ਸੀ

ਚੇਲੇ ਯਿਸੂ ਦਾ ਪ੍ਰਚਾਰ ਪ੍ਰਭੂ ਅਤੇ ਮਸੀਹ ਦੇ ਤੌਰ 'ਤੇ ਕਰਨ ਲੱਗੇ ਸਨ। ਪਤਰਸ ਨੇ ਉਨ੍ਹਾਂ ਤਬਦੀਲੀਆਂ ਦੇ ਸ਼ੁਰੂ ਵਿਚ ਇਹ ਐਲਾਨ ਕੀਤਾ ਸੀ ਕਿ ਖ਼ੁਦਾ ਨੇ ਯਿਸੂ ਨੂੰ ਮਸੀਹ ਬਣਾ ਦਿੱਤਾ ਹੈ (ਰਸੂਲਾਂ ਦੇ ਕੰਮ 2:36)। ''ਮਸੀਹ'' ਵਿਅਕਤੀਵਾਚਕ ਨਾਉਂ ਨਹੀਂ ਹੈ; ਫ਼ਰਿਸ਼ਤੇ ਨੇ ਯੂਸਫ਼ ਨੂੰ ਦੱਸਿਆ ਸੀ ਕਿ ਬੱਚੇ ਦਾ ਨਾਂਅ ਯਿਸੂ ਰੱਖਿਆ ਜਾਵੇਗਾ (ਮੱਤੀ 1:21)। ''ਮਸੀਹ'' ਉਸ ਅਹੁਦੇ ਦਾ ਉਹ ਰੁਤਬਾ ਹੈ ਜਿਸ ਦਾ ਯਿਸੂ ਨੂੰ ਵਾਅਦਾ ਦਿੱਤਾ ਗਿਆ ਹੈ (ਫ਼ਿਲਿਪੀਆਂ 2:9-11)। ਇਸ ਸ਼ਬਦ ਤੋਂ ਭਾਵ ਹੈ ''ਚੁਣਿਆ ਹੋਇਆ'' ਜਾਂ ਮਸਹ ਕੀਤਾ ਹੋਇਆ ਭਾਵ ਰਾਜਾ ਬਣਨ ਲਈ ਚੁਣਿਆ ਹੋਇਆ। ਇਸ ਵਿਚ ਪੁਰਾਣੇ ਨੇਮ ਦੇ ਇਬਰਾਨੀ ਸ਼ਬਦ ''ਮਸਾਯਾਹ'' ਦਾ ਵਿਚਾਰ ਮਿਲਦਾ ਹੈ। ਚੇਲਿਆਂ ਦਾ ਪ੍ਰਚਾਰ ਸੀ ਕਿ ਯਿਸੂ ਨੂੰ ਖ਼ੁਦਾ ਦੇ ਸੱਜੇ ਹੱਥ ਗੱਦੀ 'ਤੇ ਬਿਠਾ ਦਿੱਤਾ ਗਿਆ ਹੈ, ਇਸ ਕਰਕੇ ਉਹ ਮਸੀਹ ਭਾਵ ਚੁਣਿਆ ਹੋਇਆ ਰਾਜਾ ਹੈ।

''ਪ੍ਰਭੂ'' ਤੋਂ ਭਾਵ ਹੈ ''ਮਾਲਿਕ''; ਇਸ ਕਰਕੇ ਯਿਸੂ ਨੂੰ ਪੂਰਾ ਇਖ਼ਤਿਆਰ ਦਿੱਤਾ ਗਿਆ ਹੈ। ਯਿਸੂ ਨੇ ਕਿਹਾ ਕਿ ਉਹਦੀ ਮੌਤ ਅਤੇ ਜੀ ਉੱਠਣ ਦੇ ਬਾਅਦ ਉਹਨੂੰ ਆਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਦਿੱਤਾ ਗਿਆ ਹੈ (ਮੱਤੀ 28:18), ਅਤੇ ਇੰਜੀਲ ਦੇ ਪਹਿਲੇ ਲਿਖਤ ਸੰਦੇਸ਼ ਵਿਚ ਪਤਰਸ ਨੇ ਐਲਾਨ ਕੀਤਾ ਕਿ ਸਵਰਗ ਦੇ ਖ਼ੁਦਾ ਨੇ ਹੀ ਯਿਸੂ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਠਹਿਰਾਇਆ ਹੈ (ਰਸੂਲਾਂ ਦੇ ਕੰਮ 2:32-36)। ਨਵੇਂ ਮਸੀਹੀ ਲੋਕਾਂ ਨੇ ਇਸ ਤੱਥ ਦਾ ਪੂਰੀ ਮਿਹਨਤ ਅਤੇ ਲਗਨ ਨਾਲ ਪ੍ਰਚਾਰ ਕੀਤਾ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਖ਼ੁਦਾ ਨੇ ਯਹੂਦੀਆਂ ਦੇ ਵਡੇਰਿਆਂ ਨਾਲ ਅਬਰਾਹਾਮ ਦੇ ਜ਼ਮਾਨੇ ਤੋਂ ਲੈ ਕੇ ਜਿੰਨੇ ਵੀ ਵਾਅਦੇ ਕੀਤੇ ਸਨ, ਉਹ ਸਭ ਯਿਸੂ ਨਾਮ ਦੇ ਇਸੇ ਆਦਮੀ ਵਿਚ ਪੂਰੇ ਹੋਏ ਹਨ।

ਰਸੂਲਾਂ ਦੇ ਕੰਮ ਕਿਤਾਬ ਵਿਚ ਮਿਲਣ ਵਾਲੇ ਖ਼ਾਸ ਸ਼ਬਦਾਂ ਅਤੇ ਵਾਕਾਂਸ਼ਾਂ ਵਿਚ ਇਹ ਦਾਅਵੇ ਜਾਰੀ ਰਹਿੰਦੇ ਹਨ। ਪਤਰਸ ਨੇ ਦਾਅਵਾ ਕੀਤਾ ਕਿ ਮਸੀਹ ਬਾਰੇ ਕੀਤੀਆਂ ਗਈਆਂ ਸਭ ਭਵਿੱਖਬਾਣੀਆਂ ਯਿਸੂ ਵਿਚ ਪੂਰੀਆਂ ਹੋਈਆਂ (ਰਸੂਲਾਂ ਦੇ ਕੰਮ 3:18)। ਉਹਨੇ ਯਿਸੂ ਨੂੰ ''ਖੂੰਜੇ ਦੇ ਸਿਰੇ'' ਦਾ ਪੱਥਰ ਵੀ ਕਿਹਾ ਜਿਹਨੂੰ ''ਰਾਜਾਂ ਨੇ ਰੱਦਿਆ'' (ਰਸੂਲਾਂ ਦੇ ਕੰਮ 4:11)। ਫਿਰ ਪਤਰਸ ਨੇ ਦਾਅਵਾ ਕੀਤਾ ਕਿ ਮੁਕਤੀ ਕਿਸੇ ਹੋਰ ਦੇ ਰਾਹੀਂ ਨਹੀਂ ਭਾਵ ਕਿਸੇ ਹੋਰ ਨਾਂਅ 'ਚ ਨਹੀਂ ਹੈ (ਰਸੂਲਾਂ ਦੇ ਕੰਮ 4:12)। ਬਾਅਦ ਵਿਚ ਮਹਾਂਸਭਾ ਸਾਹਮਣੇ ਪੌਲੁਸ ਨੇ ਐਲਾਨ ਕੀਤਾ ਕਿ ਇਸੇ ਯਿਸੂ ਨੂੰ ਖ਼ੁਦਾ ਦੇ ਸੱਜੇ ਹੱਥ ਬਿਠਾ ਕੇ ਵਡਿਆਈ ਦਿੱਤੀ ਗਈ ਸੀ (ਜੋ ਹਕੂਮਤ ਕਰਨ ਵਾਲੇ ਰਾਜੇ ਲਈ ਇਖ਼ਤਿਆਰ ਦੀ ਗੱਦੀ ਸੀ) ਅਤੇ ਉਹਨੂੰ ''ਹਾਕਮ ਅਤੇ ਮੁਕਤੀਦਾਤਾ'' (ਰਸੂਲਾਂ ਦੇ ਕੰਮ 5:31) ਬਣਾਇਆ ਗਿਆ ਸੀ। ਉਹਨੇ ਯਹੂਦੀ ਵਿਦਵਾਨਾਂ ਅਤੇ ਆਗੂਆਂ ਦੇ ਇਸ ਮਾਣਯੋਗ ਸਮਾਜ ਵਿਚ ਇਹ ਵੀ ਐਲਾਨ ਕੀਤਾ ਕਿ ਖ਼ੁਦਾ ਨੇ ਇਸਰਾਏਲ ਕੌਮ ਨੂੰ ਤੌਬਾ ਕਰਨ ਅਤੇ ਪਾਪਾਂ ਦੀ ਮਾਫ਼ੀ ਦਾ ਦਾਨ ਸਿਰਫ਼ ਯਿਸੂ ਮਸੀਹ ਦੇ ਰਾਹੀਂ ਹੀ ਦੇਣਾ ਸੀ (ਰਸੂਲਾਂ ਦੇ ਕੰਮ 5:31)।

ਇਸਤੀਫ਼ਾਨ ਨੇ ਯਿਸੂ ਨੂੰ ''ਉਸ ਧਰਮੀ'' ਕਿਹਾ ਜੋ ਸਾਫ਼ ਤੌਰ 'ਤੇ ਵਾਅਦਾ ਕੀਤੇ ਹੋਏ ਮਸੀਹ ਵੱਲ ਇਸ਼ਾਰਾ ਸੀ ਅਤੇ ਅਜਿਹਾ ਹਵਾਲਾ ਸੀ ਜਿਸ ਨੂੰ ਸਿਰਫ਼ ਯਹੂਦੀ ਲੋਕ ਹੀ ਸਮਝ ਸਕਦੇ ਸਨ (ਰਸੂਲਾਂ ਦੇ ਕੰਮ 7:52)। ਫ਼ਿਲਿਪੁੱਸ ਨੇ ਖੋਜੇ ਨੂੰ ਵਚਨ ਸੁਣਾ ਕੇ ਯਿਸੂ ਨੂੰ ਕੱਟੇ ਜਾਣ ਲਈ ਲਿਜਾਈ ਜਾਣ ਵਾਲੀ ਭੇਡ ਦੇ ਤੌਰ 'ਤੇ ਅਤੇ ਲੇਲੇ ਦੇ ਤੌਰ 'ਤੇ ਜੋ ਆਪਣੇ ਉੱਨ ਕਤਰਨ ਵਾਲਿਆਂ ਸਾਹਮਣੇ ਚੁਪਚਾਪ ਰਹਿੰਦਾ ਹੈ, ਵਿਖਾ ਕੇ ਯਸਾਯਾਹ ਦੀ ਭਵਿੱਖਬਾਣੀ ਦੀ

ਵਿਆਖਿਆ ਕੀਤੀ (ਰਸੂਲਾਂ ਦੇ ਕੰਮ 8:30-35)। ਪੌਲੁਸ ਨੇ ਐਲਾਨ ਕੀਤਾ ਕਿ ਇਸਰਾਏਲ ਦੇ ਵਡੇਰਿਆਂ ਨਾਲ ਕੀਤੇ ਗਏ ਮਸੀਹ ਬਾਰੇ ਸਭ ਵਾਅਦੇ ਖ਼ੁਦਾ ਨੇ ਪੂਰੇ ਕਰ ਦਿੱਤੇ ਹਨ (ਰਸੂਲਾਂ ਦੇ ਕੰਮ 13:32, 33)। ਫਿਰ ਉਹਨੇ ਦਾਊਦ ਨਾਲ ਕੀਤੇ ਵਾਅਦੇ ਦੀ ਗੱਲ ਕੀਤੀ ਕਿ ਉਹਦੇ ਪੁੱਤਰਾ ਵਿੱਚੋਂ ਇਕ ਨੇ ਮਸੀਹ ਦੀ ਗੱਦੀ 'ਤੇ ਬੈਠਣਾ ਸੀ। ਉਹਨੇ ਐਲਾਨ ਕੀਤਾ ਕਿ ਮਸੀਹ ਦੀ ਮੌਤ ਨਾਲ ਉਹ ਵਾਅਦਾ ਮਿਟਿਆ ਨਹੀਂ ਕਿਉਂਕਿ ਖ਼ੁਦਾ ਨੇ ਉਹਨੂੰ ਮੁਰਦਿਆਂ ਵਿੱਚੋਂ ਜਿੰਦਾ ਕਰ ਦਿੱਤਾ ਸੀ (ਰਸੂਲਾਂ ਦੇ ਕੰਮ 13:33-39)। ਪੌਲੁਸ ਨੇ ਨਿਚੋੜ ਕੱਢਿਆ ਕਿ ਇਨ੍ਹਾਂ ਵਾਅਦਿਆਂ ਦਾ ਪੂਰਾ ਹੋਣਾ ਯਿਸੂ ਵਿਚ ਦਿੱਤੀ ਜਾਣ ਵਾਲੀ ਧਾਰਮਿਕਤਾ ਸੀ। ਉਹਨੇ ਇਸ ਵਿਚ ਜੋੜਦੇ ਹੋਏ ਕਿਹਾ ਕਿ ਯਹੂਦੀ ਸ਼ਰ੍ਹਾ ਨਾਲ ਧਰਮੀ ਠਹਿਰਾਏ ਜਾਣ ਦੀ ਆਸ ਨਹੀਂ ਕੀਤੀ ਜਾ ਸਕਦੀ (ਆਇਤ 39)।

ਬਾਅਦ ਵਿਚ ਰਸੂਲਾਂ ਦੇ ਕੰਮ 2 ਅਧਿਆਇ ਵਾਲੇ ਪੈਂਟੀਕਾਸਟ ਵਾਲੇ ਦਿਨ ਤੋਂ ਲਗਭਗ ਵੀਹ ਸਾਲ ਬਾਅਦ ਪਾਠਕ ਨੂੰ ਸੁੰਨਤ ਦੀ ਮੁਸ਼ਕਿਲ ਫੇਰ ਤੋਂ ਉੱਠਣ ਦਾ ਪਤਾ ਲਗਦਾ ਹੈ, ਜਿਸ ਕਰਕੇ ਯਰੂਸ਼ਲਮ ਵਿਚ ਖ਼ਾਸ ਤੌਰ 'ਤੇ ਕਈ ਬੈਠਕਾਂ ਹੋਈਆਂ (ਰਸੂਲਾਂ ਦੇ ਕੰਮ 15)। ਯਹੂਦੀ ਪਿਛੋਕੜ ਵਾਲੇ ਮਸੀਹੀ ਲੋਕ ਸ਼ਰ੍ਹਾ ਦੀਆਂ ਰੀਤਾਂ, ਖ਼ਾਸ ਕਰਕੇ ਸੁਨੰਤ ਦੀ ਰਵਾਇਤ ਨਾਲ ਚੰਬੜੇ ਹੋਏ ਸਨ। ਉਹ ਸਭ ਨਰ ਬੱਚਿਆਂ ਅਤੇ ਮਸੀਹ ਵਿਚ ਬਪਤਿਸਮਾ ਲੈਣ ਵਾਲੇ ਹਰ ਬਾਲਗ ਗ਼ੈਰ ਕੌਮ ਪੁਰਖ ਦੀ ਜ਼ਬਰਦਸਤੀ ਸੁਨੰਤ ਕਰਾ ਰਹੇ ਸਨ। ਪੌਲੁਸ ਅਤੇ ਬਰਨਾਬਾਸ ਨੇ ਆਪਣੀ ਪਹਿਲੀ ਮਿਸ਼ਨਰੀ ਯਾਤਰਾ ਪੂਰੀ ਕਰ ਲਈ ਸੀ (ਰਸੂਲਾਂ ਦੇ ਕੰਮ 13; 14); ਅਤੇ ਸੀਰੀਆ ਦੇ ਅੰਤਾਕੀਆ ਵਿਚ ਭਾਈਆਂ ਨੂੰ ਜਿਨ੍ਹਾਂ ਉਨ੍ਹਾਂ ਨੂੰ ਭੇਜਿਆ ਸੀ, ਆਪਣੇ ਨਾਲ ਹੋਣ ਵਾਲੀਆਂ ਗੱਲਾ ਦੱਸਦਿਆਂ, ਉਨ੍ਹਾਂ ਨੂੰ ਸੁੰਨਤ ਦੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਉਹ ਤਿੰਨ ਸਾਲ ਤੋਂ ਆਪਣੀ ਮਿਸ਼ਨਰੀ ਯਾਤਰਾ ਵਿਚ ਗ਼ੈਰ ਕੌਮਾਂ ਤੋਂ ਆਉਣ ਵਾਲੇ ਬਗੈਰ ਸੁਨੰਤ ਹੋਏ ਲੋਕਾਂ ਨੂੰ ਬਪਤਿਸਮਾਂ ਦੇ ਰਹੇ ਸਨ, ਅਤੇ ਹੁਣ ਉਨ੍ਹਾਂ ਦੀ ਗੱਲ ਨਾ ਮੰਨਣ ਵਾਲੇ ਕੁਝ ਭਾਈਆਂ ਨੇ ਸੁੰਨਤ 'ਤੇ ਫੇਰ ਸਵਾਲ ਉਠਾ ਦਿੱਤਾ। ਯਿਸੂ ਦਾ ਮਤਰੇਆ ਭਰਾ, ਯਾਕੂਬ ਯਰੂਸ਼ਲਮ ਦੇ ਉਨ੍ਹਾਂ ਆਗੂਆਂ ਵਿੱਚੋਂ ਇਕ ਸੀ ਅਤੇ ਇਸ ਮੌਕੇ 'ਤੇ ਉਨ੍ਹਾਂ ਵਿੱਚੋਂ ਸਭ ਤੋਂ ਸਿਰਕੱਢ ਸੀ (ਰਸੂਲਾਂ ਦੇ ਕੰਮ 15:13-21)। ਉਹਨੇ ਕਿਹਾ ਕਿ ''ਦਾਊਦ ਦਾ ਡੇਰਾ'' ਚੁੱਕਣ ਦੀ ਆਮੋਸ ਦੀ ਨਬੂਵਤ ਪੂਰੀ ਹੋ ਚੁੱਕੀ ਹੈ ਜਿਸ ਕਰਕੇ ਮਸੀਹ ਦੀ ਸੰਗਤੀ ਵਿਚ ਗ਼ੈਰ ਕੌਮਾਂ ਦਾ ਬਿਨਾਂ ਕਿਸੇ ਵਿਰੋਧ ਦੇ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਇਸ ਨਬੂਵਤ ਵਿਚ ਇਕ ਅਜਿਹੇ ਸਮੇਂ ਦਾ ਵਾਅਦਾ ਕੀਤਾ ਗਿਆ ਜਦ ਮਸੀਹ ਦੇ ਰਾਜ ਵਿਚ ਸੱਚਿਆਈ ਨਾਲ ਬੰਦਗੀ ਕਰਨ ਵਾਲੇ ਦਾਊਦ ਦੇ ਬੇਟੇ ਭਾਵ ਦਾਊਦ ਦੀ ਗੱਦੀ 'ਤੇ ਵਾਅਦਾ ਕੀਤੇ ਹੋਏ ਮਸੀਹ ਦੇ ਰੂਹਾਨੀ ਰਾਜ ਨੂੰ ਕਬੂਲ ਕਰਨਗੇ। ਕਿਉਂਕਿ ਇਹ ਨਬੂਵਤ ਪੂਰੀ ਹੋ ਚੁੱਕੀ ਸੀ ਇਸ ਕਰਕੇ ਗ਼ੈਰ ਕੌਮਾਂ ਦੇ ਲੋਕਾਂ ਲਈ ਪੁਰਾਣੀ ਸ਼ਰ੍ਹਾ ਦੀਆਂ ਰਵਾਇਤਾਂ ਨੂੰ ਪੂਰਾ ਕਰਨਾ ਜ਼ਰੂਰੀ ਨਹੀਂ ਸੀ। ਇਸ ਨਾਲ ਸੁੰਨਤ ਦਾ ਮਸਲਾ ਹੱਲ ਹੋ ਗਿਆ। ਭਾਵ ਇਹ ਕਿ ਮਸੀਹ ਦੀ ਸ਼ਰ੍ਹਾ ਵਿਚ ਇਸ ਨੂੰ ਪੂਰਾ ਕਰਨ ਦੀ ਲੋੜ ਨਹੀਂ ਸੀ।

ਯਹੂਦੀਆਂ ਲਈ ਜਿਨ੍ਹਾਂ ਦੇ ਵਡੇਰੇ ਪੰਦਰਾਂ ਸੌ ਸਾਲਾਂ ਤਕ ਸ਼ਰ੍ਹਾ ਨੂੰ ਮੰਨਦੇ ਰਹੇ ਸਨ, ਇਹ ਵਿਚਾਰ ਯਕੀਨਨ ਨਵਾਂ ਸੀ। ਰਸੂਲਾਂ ਦੇ ਕੰਮ ਕਿਤਾਬ ਵਿਚ ਅਗਲੀਆਂ ਆਇਤਾਂ ਨੂੰ ਪਤਾ ਲਗਦਾ ਹੈ ਕਿ ਬਹੁਤ ਸਾਰੇ ਯਹੂਦੀ ਵੱਖੋ-ਵੱਖ ਮੰਡਲੀਆਂ ਨੂੰ ਪਰੇਸ਼ਾਨ ਕਰਦੇ ਰਹੇ।

## ਉਨ੍ਹਾਂ ਦੀ ਬੰਦਗੀ ਫ਼ਰਕ ਸੀ

ਮਸੀਹ ਦੀ ਸ਼ਰ੍ਹਾ ਵਿਚ ਸੁੰਨਤ ਦੀਆਂ ਰਵਾਇਤਾਂ ਦੀ ਲੋੜ ਨਹੀਂ ਸੀ। ਮਸੀਹੀ ਬਣਨ ਵਾਲੇ ਯਹੂਦੀ ਹੁਣ ਪਸਾਹ, ਪੈਂਟੀਕਾਸਟ ਜਾਂ ਡੇਰਿਆਂ ਦੇ ਪਰਬ ਨਹੀਂ ਮਨਾਉਂਦੇ ਸਨ। ਉਨ੍ਹਾਂ ਨੇ ਜਾਨਵਰਾਂ ਦੀਆਂ ਕੁਰਬਾਨੀਆਂ ਅਤੇ ਫ਼ਸਲ ਦੀਆਂ ਹੋਰ ਤਰ੍ਹਾਂ ਦੀਆਂ ਭੇਟਾਂ ਦੇਣਾ ਬੰਦ ਕਰ ਦਿੱਤਾ ਸੀ। ਉਹ ਹੁਣ ਯਾਜਕ ਹੋਣ ਲਈ ਲੇਵੀਆਂ ਦੀ ਕੁਲ ਵੱਲ ਨਹੀਂ ਵੇਖਦੇ ਸਨ। ਉਨ੍ਹਾਂ ਨੇ ਦਸੌਂਧ ਦੇਣੀ ਵੀ ਬੰਦ ਕਰ ਦਿੱਤੀ ਸੀ। ਉਨ੍ਹਾਂ ਨੇ ਇਹ ਸਭ ਰਵਾਇਤਾਂ ਤਾਂ ਛੱਡ ਦਿੱਤੀਆਂ ਸਨ, ਫਿਰ ਉਹ ਮਸੀਹ ਦੀ ਨਵੀਂ ਸ਼ਰ੍ਹਾ ਵਿਚ ਕੀ ਕਰਦੇ ਸਨ?

ਲੂਕਾ ਨੇ ਸਿਰਫ਼ ਐਨਾ ਹੀ ਕਿਹਾ ਹੈ, ''ਉਹ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿਚ ਲੱਗੇ ਰਹੇ'' (ਰਸੂਲਾਂ ਦੇ ਕੰਮ 2:42)। ਹੁਣ ਉਹ ਸੱਚਿਆਈ ਜਾਣਨ ਲਈ, ਸ਼ਰ੍ਹਾ ਵੱਲ ਨਹੀਂ ਰਸੂਲਾਂ ਦੇ ਮੂੰਹ ਵੱਲ ਵੇਖਦੇ ਸਨ। ਉਹ ਪਸਾਹ ਨਹੀਂ ਸਗੋਂ ਪ੍ਰਭੂ ਭੋਜ ਖਾਂਦੇ ਸਨ। ਉਹ ਦਸੌਂਧ ਨਹੀਂ ਦਿੰਦੇ ਸਨ ਸਗੋਂ ਆਪਣੀ ਆਮਦਨੀ ਮੁਤਾਬਕ ਅਤੇ ਜਿੱਥੇ ਲੋੜ ਹੁੰਦੀ ਸੀ, ਉੱਥੇ ਧੰਨ ਅਤੇ ਹੋਰ ਚੀਜ਼ਾਂ ਦਿੰਦੇ ਸਨ (ਜਾਂ ਸੰਗਤੀ ਕਰਦੇ ਸਨ[1])। ਉਹ ਯਿਸੂ ਮਸੀਹ ਦੇ ਨਾਂਅ ਵਿਚ ਅਤੇ ਯਿਸੂ ਮਸੀਹ ਦੇ ਨਾਂਅ ਨਾਲ ਦੁਆ ਕਰਦੇ ਸਨ।

ਇਨ੍ਹਾਂ ਸਭ ਰਵਾਇਤਾਂ ਨਾਲ ਉਨ੍ਹਾਂ ਦੀ ਬੰਦਗੀ ਵਿਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ। ਰਸੂਲਾਂ ਦੇ ਕੰਮ ਕਿਤਾਬ ਦੇ ਚੌਕਸ ਪਾਠਕ ਨੂੰ ਉਹ ਫ਼ਰਕ ਨਜ਼ਰ ਆਉਣਗੇ ਭਾਵ ਉਨ੍ਹਾਂ ਨੇ ਰਸੂਲਾਂ ਰਾਹੀਂ ਕੀਤੇ ਪ੍ਰਚਾਰ ਕਰਕੇ ਤੌਬਾ ਕੀਤੀ ਸੀ, ਉਨ੍ਹਾਂ ਨੇ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਿਆ ਸੀ ਅਤੇ ਖ਼ੁਦਾ ਨੇ ਉਨ੍ਹਾਂ ਨੂੰ ਆਪਣੀ ਸੰਗਤੀ ਵਿਚ ਮਿਲਾ ਲਿਆ ਸੀ (ਰਸੂਲਾਂ ਦੇ ਕੰਮ 2:37-41)। ਇਸ ਕਰਕੇ ਉਹ ਓਵੇਂ ਹੀ ਬੰਦਗੀ ਕਰਦੇ ਸਨ ਜਿਵੇਂ ਯਿਸੂ ਨੇ ਉਨ੍ਹਾਂ ਬਾਰਾਂ ਰਸੂਲਾਂ ਦੀ ਅਗਵਾਈ ਵਿਚ ਬੰਦਗੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ।

ਰਸੂਲਾਂ ਦੇ ਕੰਮ ਕਿਤਾਬ ਵਿਚ ਇਸ ਵਾਰ ਬੰਦਗੀ ਦੀ ਜਿਸ ਗੱਲ ਦਾ ਜ਼ਿਕਰ ਨਹੀਂ ਕੀਤਾ ਗਿਆ, ਉਹ ਹੈ ਸੰਗੀਤ। ਪਹਿਲਾਂ ਇਹ ਲੋਕ ਮੂਸਾ ਦੀ ਸ਼ਰ੍ਹਾ ਵਿਚ ਬੰਦਗੀ ਵਿਚ ਗਾਉਣ ਨਾਲ ਸਾਜ਼ਾਂ ਦੀ ਵਰਤੋਂ ਦੇ ਆਦੀ ਸਨ।ਪਰ ਕਲੀਸੀਆ ਦੇ ਸ਼ੁਰੂ ਹੋਣ ਨਾਲ ਨਵੇਂ ਨੇਮ ਵਿਚ ਬੰਦਗੀ ਦੇ ਸੰਗੀਤ ਦਾ ਜਿੱਥੇ ਵੀ ਜ਼ਿਕਰ ਆਇਆ ਉਹ ਪੂਰੀ ਮੰਡਲੀ ਵੱਲੋਂ ਬਿਨਾਂ ਸਾਜ਼ਾਂ ਦੇ ਗਲ਼ੇ ਦਾ ਸੰਗੀਤ ਸੀ। ਇਹ ਸੰਗੀਤ ਇਕ ਦੂਜੇ ਨੂੰ ਸਿਖਾਉਣ ਅਤੇ ਸਮਝਾਉਣ, ਜ਼ਬੂਰਾਂ, ਭਜਨਾਂ ਅਤੇ ਰੂਹਾਨੀ ਗੀਤਾਂ ਨਾਲ ਇਕ ਦੂਜੇ ਨਾਲ ਗੱਲ ਕਰਨ ਲਈ ਸੀ। ਆਪਣੇ-ਆਪਣੇ ਮਨ ਵਿਚ ਕਿਰਪਾ ਨਾਲ ਖ਼ੁਦਾ ਲਈ ਗਾਉਂਦਿਆਂ ਇਨ੍ਹਾਂ ਬੰਦਗੀ ਕਰਨ ਵਾਲਿਆਂ ਦੇ ਸੰਗੀਤ ਦਾ ਅਸਰ ਦੂਜਿਆਂ 'ਤੇ ਹੀ ਨਹੀਂ ਸਗੋਂ ਉਨ੍ਹਾਂ 'ਤੇ ਵੀ ਪੈਂਦਾ ਸੀ (ਅਫ਼ਸੀਆਂ 5:19; ਕੁਲੁੱਸੀਆਂ 3:16)। ਮਸੀਹ ਨੂੰ ਕਬੂਲ ਕਰਨ ਵਾਲੇ ਯਹੂਦੀਆਂ ਦੀ ਬੰਦਗੀ ਵਿਚ ਇਹ ਇਕ ਹੋਰ ਨਾਟਕੀ ਬਦਲਾਅ ਸੀ।

ਮਸੀਹੀ ਬਣਨ ਵਾਲੇ ਹਰ ਯਹੂਦੀ ਨੂੰ ਇਹ ਸਮਝ ਸੀ ਕਿ ਯਿਸੂ ਅਤੇ ਉਹਦੇ ਵਿਸ਼ਵਾਸ ਰਾਹੀਂ ਖ਼ੁਦਾ ਦੀ ਇਕ ਨਵੀਂ ਮਰਜ਼ੀ ਜ਼ਾਹਿਰ ਕੀਤੀ ਗਈ ਹੈ। ਇਹ ਸਮਾਂ ਸਰਵੋਤਮ ਨਾਟਕ, ਤਬਦੀਲੀ ਅਤੇ ਰੋਮਾਂਚ ਦਾ ਸੀ।

## ਉਨ੍ਹਾਂ ਦੀ ਸਮਝ ਸਪੱਸ਼ਟ ਸੀ

ਯਹੂਦੀ ਲੋਕ ਉਸ ਸ਼ਰ੍ਹਾ ਨਾਲ ਜੋ ਆਰਜ਼ੀ ਸੀ ਅਤੇ ਉਸ ਨਾਲੋਂ ਵੀ ਵਧ ਕੇ ਉਸ ਵਿਚ ਸ਼ਰ੍ਹਾ ਦਿੱਤੇ ਜਾਣ ਦੀ ਗੱਲ ਸੀ, ਆਪਣੇ ਪਾਪਾਂ ਤੋਂ ਧਰਮੀ ਨਹੀਂ ਠਹਿਰਾਏ ਜਾ ਸਕਦੇ ਸਨ (ਯਿਰਮਿਯਾਹ 31:31, 32)। ਇਹ ਵਾਅਦਾ ਉਦੋਂ ਪੂਰਾ ਹੋਇਆ ਜਦ ਮਸੀਹ ਪ੍ਰਧਾਨ ਯਾਜਕ ਅਤੇ ਰਾਜਾ ਬਣਿਆ (ਇਬਰਾਨੀਆ 8:1-13)। ਸ਼ਰ੍ਹਾ ਸਿਰਫ਼ ਇਸਰਾਏਲ ਕੌਮ ਲਈ ਹੀ ਬਣਾਈ ਗਈ ਸੀ ਅਤੇ ਉਸੇ ਨੂੰ ਹੀ ਦਿੱਤੀ ਗਈ ਸੀ (ਕੂਚ 34:27, 28); ਇਹ ਨੂੰ ਸਭ ਲੋਕਾਂ ਲਈ ਇਕ ਵਿਸ਼ਵ ਵਿਆਪੀ ਸ਼ਰ੍ਹਾ ਦੇ ਰੂਪ ਵਿਚ ਕਿਤੇ ਨਹੀਂ ਬਣਾਇਆ ਗਿਆ ਸੀ।

ਸ਼ਰ੍ਹਾ ਯਿਸੂ ਦੇ ਆਉਣ ਤਕ ਯਹੂਦੀਆ ਦੀ ਮਦਦ ਲਈ ਦਿੱਤੀ ਗਈ ਸੀ (ਗਲਾਤੀਆਂ 3:19)। ਇਹਨੇ ''ਸਕੂਲ ਮਾਸਟਰ'' ਜਾਂ ''ਉਸਤਾਦ'' ਦੇ ਤੌਰ 'ਤੇ ਕੰਮ ਕਰਨਾ ਸੀ (ਗਲਾਤੀਆਂ 3:24)। ਮੂਸਾ ਦੀ ਸ਼ਰ੍ਹਾ ਮਸੀਹ ਦੀ ਖ਼ੁਸ਼ਖ਼ਬਰੀ ਨੂੰ ਜ਼ਾਹਿਰ ਕਰਨ 'ਤੇ ਇਹਦੀ ਥਾਂ ''ਨਿਹਚਾ'' ਨੇ ਲੈ ਲੈਣੀ ਸੀ (ਗਲਾਤੀਆਂ 3:24, 25)। ਪੁਰਾਣੇ ਨੇਮ ਦੀ ਸ਼ਰ੍ਹਾ ਅਬਰਾਹਾਮ ਨੂੰ ਮੁਕਤੀ ਲਈ ਦਿੱਤੇ ਵਾਅਦੇ ਦਾ ਹਿੱਸਾ ਨਹੀਂ ਸੀ; ਜੇ ਇੰਜ ਹੁੰਦਾ ਤਾਂ ਖ਼ੁਦਾ ਆਪਣੇ ਲੋਕਾਂ ਦੀ ਮੁਕਤੀ ਲਈ ਇਸ ਦੀ ਵਰਤੋਂ ਕਰਦਾ (ਗਲਾਤੀਆਂ 3:21, 22)। ਫਿਰ ਇਸ ਸ਼ਰ੍ਹਾ ਨਾਲ ਬਲਦਾਂ ਅਤੇ ਬੱਕਰਿਆਂ ਦੇ ਲਹੂ ਨਾਲ ਪਾਪਾਂ ਦਾ ਪ੍ਰਾਸ਼ਚਿਤ ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਸੀ (ਇਬਰਾਨੀਆਂ 10:4)।

ਇਸ ਸ਼ਰ੍ਹਾ ਨੂੰ ਮਸੀਹ ਨੇ ਪੂਰਾ ਕੀਤਾ (ਲੂਕਾ 24:44, 45), ਉਹਦੀ ਮੌਤ ਨਾਲ ਇਸ ਨੂੰ ਮਿਟਾ ਦਿੱਤਾ ਗਿਆ (ਅਫ਼ਸੀਆਂ 2:15), ਉਹਦੇ ਸਲੀਬ ਚੜ੍ਹਾਏ ਜਾਣ ਨਾਲ ਸਾਹਮਣਿਓਂ ਹਟਾ ਦਿੱਤਾ ਗਿਆ (ਕੁਲੁਸੀਆਂ 2:14) ਅਤੇ ''ਪੁਰਾਣੀ'' ਅਤੇ ''ਚਿਰਕਾਲ ਦੀ'' ਬਣਾ ਦਿੱਤਾ ਗਿਆ (ਇਬਰਾਨੀਆਂ 8:13)। ਯਹੂਦੀਆਂ ਨੂੰ ਸ਼ਰ੍ਹਾ ਤੋਂ ਵੱਖ ਕਰ ਦਿੱਤਾ ਗਿਆ ਸੀ ਜਾਂ ਸਲੀਬ 'ਤੇ ਯਿਸੂ ਦੀ ਮੌਤ ਰਾਹੀਂ ਮਾਰ ਦਿੱਤਾ ਗਿਆ ਸੀ। ਇਹ ਇਸ ਲਈ ਪੂਰਾ ਹੋਇਆ ਤਾਂ ਜੋ ਯਹੂਦੀ ਲੋਕ ਰੂਹਾਨੀ ਤੌਰ 'ਤੇ ਮਸੀਹ ਦੇ ਨਾਲ ਮਿਲ ਸਕਦੇ (ਰੋਮੀਆਂ 7:4)।

## ਸਾਰ

ਕਿਰਪਾ ਅਤੇ ਮਾਫ਼ੀ ਦੇ ਲਈ ਕੀਤੇ ਸਭ ਰੂਹਾਨੀ ਵਾਅਦਿਆਂ ਦੇ ਪੂਰਾ ਹੋਣ ਵਿਚ ਹੁਣ ਰਸੂਲਾਂ ਦੇ ਕੰਮ ਭਾਵ ਇਤਿਹਾਸ ਦੀ ਕਿਤਾਬ ਵਿਚ ਵੇਖਿਆ ਜਾ ਸਕਦਾ ਹੈ। ਮਸੀਹੀ ਲੋਕ ਉਹ ਹਨ ''ਜਿਨ੍ਹਾਂ 'ਤੇ ਜਗਤ ਦੇ ਅੰਤ ਆਣ ਪਹੁੰਚੇ ਹਨ''; ਭਾਵ ਮਸੀਹੀ ਲੋਕਾਂ ਨੂੰ ਛੁਟਕਾਰੇ ਦੀਆਂ ਬੇਸ਼ੁਮਾਰ ਬਰਕਤਾਂ ਮਿਲੀਆਂ ਹਨ (1 ਕੁਰਿੰਥੀਆਂ 10:11)। ਇਨ੍ਹਾਂ ਰੂਹਾਨੀ ਬਰਕਤਾਂ ਦਾ ਉਨ੍ਹਾਂ ਲੋਕਾਂ ਕੋਲ ਢੇਰ ਲਗ ਜਾਂਦਾ ਹੈ ਜੋ ਯਿਸੂ ਦੇ ਪਿੱਛੇ ਚਲਦੇ ਹਨ।

ਖ਼ੁਦਾ ਨਾਲ ਇਕ ''ਨਵਾਂ ਅਤੇ ਜ਼ਿੰਦਾ ਰਾਹ'' ਯਿਸੂ ਦੇ ਲਹੂ ਨਾਲ ਸਮਰਪਿਤ ਕੀਤਾ ਗਿਆ ਹੈ (ਇਬਰਾਨੀਆਂ 10:19, 20)। ਖ਼ੁਦਾ ਦੇ ਘਰ 'ਤੇ ਇਕ ਨਵਾਂ ਯਾਜਕ, ਇਕ ਪ੍ਰਧਾਨ ਯਾਜਕ ਠਹਿਰਾਇਆ ਗਿਆ ਹੈ ਜੋ ਯਿਸੂ ਮਸੀਹ ਹੈ (ਇਬਰਾਨੀਆਂ 10:21)। ਨਵੇਂ ਅਹਿਦ ਕਰਕੇ ਹਰ ਮਸੀਹੀ ਖ਼ੁਦਾ ਦੀ ਮੌਜੂਦਗੀ ਵਿਚ ਦਾਖ਼ਲ ਹੋਣ ਦੇ ਯੋਗ ਹੈ (ਇਬਰਾਨੀਆਂ 10:19-22)। ਹਰ ਮਸੀਹੀ ਨੂੰ ਯਾਜਕ ਮੰਨਿਆ ਜਾਂਦਾ ਹੈ ਜੋ ਖ਼ੁਦਾ ਅੱਗੇ ਕੁਰਬਾਨੀ ਲਿਆ ਸਕਦਾ ਹੈ (1 ਪਤਰਸ 2:5, 9)।

ਹੁਣ ਮਾਫ਼ੀ ਅਤੇ ਸੰਗਤੀ ਨਵੇਂ ਅਹਿਦਨਾਮੇ ਵਿਚ ਮਿਲਦੇ ਹਨ। ਉਹ ਅਹਿਦਨਾਮੇ ਵਿਚ

ਸਭ ਲੋਕਾਂ ਨੂੰ ਕਿਰਪਾ ਅਤੇ ਮਾਫ਼ੀ ਦਿੱਤੀ ਜਾਂਦੀ ਹੈ (ਇਬਰਾਨੀਆਂ 8:10-12)। ਖ਼ੁਦਾ ਤੋਂ ਮਾਫ਼ੀ ਪਾ ਕੇ ਰਹਿਣਾ ਕਿੰਨਾ ਸ਼ਾਨਦਾਰ ਹੈ, ਕਿਉਂਕਿ ਪਾਪ ਤਾਂ ਹੁਣ ਯਾਦ ਹੀ ਨਹੀਂ ਕੀਤੇ ਜਾਣਗੇ।

ਰਸੂਲਾਂ ਦੇ ਕੰਮ ਇਤਿਹਾਸ ਦੀ ਇੱਕੋ ਇਕ ਕਿਤਾਬ ਹੈ ਜੋ ਇਨ੍ਹਾਂ ਸ਼ਾਨਦਾਰ ਤਬਦੀਲੀਆਂ ਨੂੰ ਵਿਖਾਉਂਦੀ ਹੈ। ਮਸੀਹ ਦੇ ਨਵੇਂ ਅਹਿਦਨਾਮੇ ਨਾਲ ਕਈ ਬਰਕਤਾਂ, ਧਾਰਮਿਕ ਗਤੀਵਿਧੀਆਂ ਦਾ ਇਕ ਨਵਾਂ ਸਿਸਟਮ ਅਤੇ ਧਰਤੀ 'ਤੇ ਜ਼ਿੰਦਗੀ ਖ਼ਤਮ ਹੋਣ ਦੇ ਬਾਅਦ ਖ਼ੁਦਾ ਕੋਲ ਇਕ ਨਵੀਂ ਦਲੇਰੀ ਅਤੇ ਆਸ ਮਿਲਦੀ ਹੈ।

---

ਟਿੱਪਣੀ

[1]''ਮਸੀਹ ਦੀ ਵਡਿਆਈ ਲਈ ਬੰਦਗੀ'' ਪਾਠ ਵਿਚ ''ਸੰਗਤੀ'' 'ਤੇ ਚਰਚਾ ਵੇਖੋ।

© 2009 Truth for Today